# ਕੀ ਵੋਟਿੰਗ ਸਥਾਨ ਤੱਕ ਪਹੁੰਚਣ ਵਿੱਚ ਅਸਮਰੱਥ ਹੋ?

## 2020 ਆਮ ਚੋਣਾਂ ਅਤੇ ਲੋਕਮੱਤਾਂ ਵਿੱਚ ਵੋਟ ਪਾਓ

2020 ਦੀਆਂ ਆਮ ਚੋਣਾਂ ਹੁਣ 17 ਅਕਤੂਬਰ ਨੂੰ End of Life Choice ਅਤੇ ਕੈਨਾਬਿਸ ਰੈਫਰੈਂਡਮ ਦੇ ਨਾਲ ਹੋਣਗੀਆਂ। ਤੁਸੀਂ ਆਮ ਚੋਣਾਂ ਅਤੇ ਲੋਕਮੱਤਾਂ ਵਿੱਚ ਕਿਸੇ ਵੀ ਅਗੇਤੇ ਵੋਟਿੰਗ ਸਥਾਨ 'ਤੇ ਸ਼ਨੀਵਾਰ 3 ਅਕਤੂਬਰ ਤੋਂ ਜਾਂ ਚੋਣ ਦਿਨ, ਸ਼ਨੀਵਾਰ 17 ਅਕਤੂਬਰ ਨੂੰ ਵੋਟ ਪਾ ਸਕਦੇ ਹੋ।



**ਵਧੇਰੇ ਜਾਣਕਾਰੀ ਇਸ 'ਤੇ ਉਪਲਬਧ ਹੈ:**

- **vote.nz** 'ਤੇ ਜਾਓ
- **0800 36 76 56** 'ਤੇ ਕਾਲ ਕਰੋ

## Complete this form to authorise someone to collect voting papers on your behalf

### Voter's details. Please print clearly

My first name(s) are:

My last name is:

My contact telephone number is:

OFFICIAL USE ONLY:
Index reference

Address where I am enrolled to vote:

✓ Tick the electoral roll you believe you are enrolled on:

☐ General roll ☐ Māori roll

## ਵੋਟਿੰਗ ਸਥਾਨਾਂ 'ਤੇ ਸੁਰੱਖਿਆ ਉਪਾਅ

COVID-19 ਦੇ ਕਾਰਨ 2020 ਆਮ ਚੋਣਾਂ ਵੱਖਰੀਆਂ ਹੋਣਗੀਆਂ। ਜਦੋਂ ਤੁਸੀਂ ਵੋਟ ਪਾਉਂਦੇ ਹੋ ਤਾਂ ਅਸੀਂ ਤੁਹਾਡੇ ਬਚਾਉ ਲਈ ਹੈਂਡ ਸੈਨੇਟਾਈਜ਼ਰ ਅਤੇ ਸਰੀਰਕ ਦੂਰੀਆਂ ਵਾਂਗ ਪ੍ਰਕਿਰਿਆਵਾਂ ਇਸਤੇਮਾਲ ਕਰਾਂਗੇ।

## ਜੇਕਰ ਤੁਸੀਂ ਚਾਹੁੰਦੇ ਹੋ ਤਾਂ ਜਲਦੀ ਅਤੇ ਘਰ ਦੇ ਨਜ਼ਦੀਕ ਵੋਟ ਪਾਓ

ਤੁਸੀਂ ਸੋਮਵਾਰ 3 ਅਕਤੂਬਰ ਤੋਂ ਸ਼ੁੱਕਰਵਾਰ 16 ਅਕਤੂਬਰ ਤੱਕ ਕਿਸੇ ਵੀ ਅਗੇਤੇ ਵੋਟ ਪਾਉਣ ਵਾਲੇ ਸਥਾਨ ਵਿਖੇ ਵੋਟ ਪਾ ਸਕਦੇ ਹੋ। ਚੋਣ ਦਿਨ, ਸ਼ਨੀਵਾਰ 17 ਅਕਤੂਬਰ ਨੂੰ, ਸਾਰੇ ਵੋਟ ਪਾਉਣ ਵਾਲੇ ਸਥਾਨ ਸਵੇਰੇ 9.00 ਵਜੇ ਤੋਂ ਸ਼ਾਮ 7.00 ਵਜੇ ਤੱਕ ਖੁੱਲ੍ਹਣਗੇ।

ਵੋਟਿੰਗ ਨੂੰ ਤੇਜ਼ ਅਤੇ ਆਸਾਨ ਬਣਾਉਣ ਲਈ ਘਰ ਦੇ ਨਜ਼ਦੀਕ ਹੀ ਵੋਟ ਪਾਓ। ਤੁਸੀਂ ਔਟੇਆਰਿਓ ਵਿੱਚ ਕਿਸੇ ਵੀ ਵੋਟਿੰਗ ਸਥਾਨ 'ਤੇ ਵੋਟ ਪਾ ਸਕਦੇ ਹੋ, ਪਰ ਜੇਕਰ ਤੁਸੀਂ ਆਪਣੇ ਨਿਰਵਾਚਨ ਖੇਤਰ ਤੋਂ ਬਾਹਰ ਵੋਟ ਕਰਦੇ ਹੋ ਤਾਂ ਤੁਹਾਨੂੰ ਇੱਕ ਵਾਧੂ ਫਾਰਮ ਭਰਨਾ ਪੈ ਸਕਦਾ ਹੈ।

ਕਿੱਥੇ ਅਤੇ ਕਦੋਂ ਵੋਟ ਪਾਉਣੀ ਹੈ ਇਸ ਬਾਰੇ ਜਾਣਕਾਰੀ **vot.nz** 'ਤੇ ਜਾਂ **0800 36 76 56** ਤੇ ਕਾਲ ਕਰਕੇ ਉਪਲਬਧ ਹੈ।

## ਜੇਕਰ ਤੁਸੀਂ ਵੋਟਿੰਗ ਸਥਾਨ ਤੱਕ ਪਹੁੰਚਣ ਵਿੱਚ ਅਸਮਰੱਥ ਹੋ ਤਾਂ ਤੁਸੀਂ ਅਜੇ ਵੀ ਵੋਟ ਪਾ ਸਕਦੇ ਹੋ

ਅਸੀਂ ਹਮੇਸ਼ਾ ਉਹਨਾਂ ਲੋਕਾਂ ਲਈ ਵੋਟਿੰਗ ਸੇਵਾਵਾਂ ਪ੍ਰਦਾਨ ਕਰਦੇ ਹਾਂ, ਜੋ ਬਿਮਾਰ, ਬਿਰਧ ਜਾਂ ਵਿਕਲਾਂਗ ਹੋਣ ਕਾਰਨ ਵੋਟਿੰਗ ਸਥਾਨ ਤੱਕ ਨਹੀਂ ਪਹੁੰਚ ਸਕਦੇ। 2020 ਵਿੱਚ, ਜੇਕਰ ਤੁਸੀਂ ਖ਼ਰਾਬ ਸਿਹਤ ਜਾਂ ਤੁਰਨ-ਫਿਰਨ ਵਿੱਚ ਸਮੱਸਿਆ ਦੇ ਕਾਰਨ ਵਿਅਕਤੀਗਤ ਤੌਰ 'ਤੇ ਵੋਟ ਪਾਉਣ ਵਿੱਚ ਅਸਮਰੱਥ ਹੋ, ਤਾਂ ਤੁਸੀਂ ਪੋਸਟਲ ਵੋਟਿੰਗ ਲਈ ਬੇਨਤੀ ਕਰ ਸਕਦੇ ਹੋ ਜਾਂ ਕਿਸੇ ਨੂੰ ਤੁਹਾਡਾ ਵੋਟਿੰਗ ਪੇਪਰ ਲੈ ਕੇ ਆਉਣ ਲਈ ਕਹਿ ਸਕਦੇ ਹੋ।

## ਕਿਸੇ ਵਿਅਕਤੀ ਨੂੰ ਆਪਣੇ ਵੋਟਿੰਗ ਪੇਪਰ ਇਕੱਤਰ ਕਰਨ ਲਈ ਕਹੋ

ਨੱਥੀ ਕੀਤੇ ਫਾਰਮ ਨੂੰ ਭਰੋ ਅਤੇ ਦਸਖ਼ਤ ਕਰੋ ਅਤੇ ਕਿਸੇ ਵਿਅਕਤੀ ਨੂੰ ਇਹ ਵੋਟਿੰਗ ਸਥਾਨ ਵਿਖੇ ਲੈ ਕੇ ਜਾਣ ਲਈ ਕਹੋ। ਤਾਂ ਉਹ ਤੁਹਾਨੂੰ ਤੁਹਾਡੇ ਵੋਟਿੰਗ ਪੇਪਰ ਭਰਨ ਲਈ ਤੁਹਾਨੂੰ ਵਾਪਿਸ ਦੇਣਗੇ। ਤੁਹਾਡੇ ਵੋਟਿੰਗ ਪੇਪਰ ਸ਼ਨੀਵਾਰ 17 ਅਕਤੂਬਰ ਨੂੰ ਸ਼ਾਮ 7:00 ਵਜੇ ਤੋਂ ਪਹਿਲਾਂ ਵਾਪਿਸ ਪਹੁੰਚ ਜਾਣੇ ਚਾਹੀਦੇ ਹਨ।

## ਪੋਸਟਲ ਵੋਟ ਲਈ ਬੇਨਤੀ ਕਰੋ

ਤੁਸੀਂ 23 ਸਤੰਬਰ ਤੱਕ **0800 36 76 56** 'ਤੇ ਕਾਲ ਕਰਕੇ ਦੁਆਰਾ ਪੋਸਟਲ ਵੋਟਿੰਗ ਪੇਪਰਾਂ ਲਈ ਬੇਨਤੀ ਕਰ ਸਕਦੇ ਹੋ। ਸਾਨੂੰ ਕਾਲ ਕਰਨ ਤੋਂ ਪਹਿਲਾਂ ਤੁਹਾਨੂੰ ਨਾਮਾਂਕਨ ਕਰਨ ਦੀ ਲੋੜ ਹੋਵੇਗੀ।

ਪੋਸਟਲ ਵੋਟਿੰਗ ਪੈਕ ਸ਼ੁੱਕਰਵਾਰ 3 ਅਕਤੂਬਰ ਤੋਂ ਸ਼ੁੱਕਰਵਾਰ 9 ਅਕਤੂਬਰ ਤੱਕ ਪਹੁੰਚਣਗੇ।

ਭਰੇ ਹੋਏ ਪੋਸਟਲ ਵੋਟ ਬੁੱਧਵਾਰ 14 ਅਕਤੂਬਰ ਤੱਕ ਡਾਕ ਰਾਹੀਂ ਭੇਜੇ ਜਾਣੇ ਚਾਹੀਦੇ ਹਨ, ਤਾਂਕਿ ਉਹ ਸਾਡੇ ਕੋਲ ਗਿਣੇ ਜਾਣ ਦੇ ਸਮੇਂ ਤੱਕ ਪਹੁੰਚ ਸਕਣ, ਜਾਂ ਤੁਸੀਂ ਕਿਸੇ ਨੂੰ ਚੋਣ ਦਿਨ, ਸ਼ਨੀਵਾਰ 17 ਅਕਤੂਬਰ ਨੂੰ ਸ਼ਾਮ 7 ਵਜੇ ਤੱਕ ਵੋਟਿੰਗ ਸਥਾਨ 'ਤੇ ਆਪਣੇ ਵੋਟਿੰਗ ਪੇਪਰ ਪਹੁੰਚਾਉਣ ਲਈ ਕਹਿ ਸਕਦੇ ਹੋ।

## ਕੀ ਚੋਣਾਂ ਵਾਲੇ ਦਿਨ ਵੀ ਕੰਮ ਕਰ ਰਹੇ ਹੋ?

ਚੋਣਾਂ ਵਾਲੇ ਦਿਨ ਜਾਣ ਅਤੇ ਵੋਟ ਪਾਉਣ ਲਈ ਤੁਹਾਨੂੰ ਕਨੂੰਨੀ ਤੌਰ 'ਤੇ ਕੰਮ ਤੋਂ ਛੁੱਟੀ ਲੈਣ ਦੀ ਆਗਿਆ ਹੈ। ਤੁਸੀਂ ਸ਼ਨੀਵਾਰ 3 ਅਕਤੂਬਰ ਤੋਂ ਕਿਸੇ ਵੀ ਵੋਟਿੰਗ ਸਥਾਨ ਵਿਖੇ ਜਲਦੀ ਵੋਟ ਪਾ ਸਕਦੇ ਹੋ।

## ਜੇਕਰ ਤੁਸੀਂ ਰੈਸਟ ਹੋਮ ਵਿਖੇ ਹੋ, ਤਾਂ ਤੁਸੀਂ ਅਜੇ ਵੀ ਵੋਟ ਪਾ ਸਕਦੇ ਹੋ

ਜੇਕਰ ਤੁਸੀਂ ਰੈਸਟ ਹੋਮ ਵਿਖੇ ਹੋ ਅਤੇ ਤੁਸੀਂ ਵੋਟਿੰਗ ਸਥਾਨ ਤੱਕ ਪਹੁੰਚਣ ਦੇ ਸਮਰੱਥ ਨਹੀਂ ਹੋ, ਤਾਂ ਤੁਹਾਨੂੰ ਸਾਡੇ ਨਾਲ ਸੰਪਰਕ ਕਰਨ ਦੀ ਲੋੜ ਨਹੀਂ ਹੋਵੇਗੀ। ਤੁਹਾਡਾ ਲੋਕਲ ਰਿਟਰਨਿੰਗ ਅਫ਼ਸਰ ਵੋਟਿੰਗ ਸੇਵਾਵਾਂ ਨੂੰ ਵਿਵਸਥਿਤ ਕਰਨ ਲਈ ਤੁਹਾਡੇ ਰੈਸਟ ਹੋਮ ਦੇ ਮੈਨੇਜਰ ਨਾਲ ਸੰਪਰਕ ਕਰੇਗਾ।

## ਜੇਕਰ ਤੁਸੀਂ ਹਸਪਤਾਲ ਵਿਖੇ ਹੋ, ਤਾਂ ਤੁਸੀਂ ਅਜੇ ਵੀ ਵੋਟ ਪਾ ਸਕਦੇ ਹੋ

ਜੇਕਰ ਤੁਸੀਂ ਹਸਪਤਾਲ ਵਿੱਚ ਹੋਣ ਦੇ ਕਾਰਨ ਵੋਟਿੰਗ ਸਥਾਨ ਤੱਕ ਨਹੀਂ ਪਹੁੰਚ ਸਕਦੇ ਹੋ, ਤਾਂ 3 ਅਕਤੂਬਰ ਤੋਂ ਕੋਈ ਮਿੱਤਰ ਜਾਂ ਪਰਿਵਾਰਕ ਮੈਂਬਰ ਤੁਹਾਡੇ ਵੋਟਿੰਗ ਪੇਪਰ ਲੈ ਕੇ ਆ ਸਕਦਾ ਹੈ। ਜੇ ਤੁਸੀਂ ਚੋਣ ਦੇ ਦਿਨ ਤੋਂ ਪਹਿਲਾਂ ਹਸਪਤਾਲ ਵਿਚ ਦਾਖਲ ਹੁੰਦੇ ਹੋ, ਤਾਂ ਵਧੀਆ ਰਹੇਗਾ ਕਿ 3 ਅਕਤੂਬਰ ਤੋਂ ਪਹਿਲਾਂ ਵੋਟ ਪਾਓ, ਜੇ ਤੁਸੀਂ ਕਰ ਸਕਦੇ ਹੋ।

## ਜੇਕਰ ਤੁਸੀਂ ਪ੍ਰਬੰਧਿਤ ਕੀਤੇ ਆਇਸੋਲੇਸ਼ਨ ਜਾਂ ਕੁਆਰਨਟੀਨ ਸੁਵਿਧਾ ਵਿਖੇ ਹੋ, ਤਾਂ ਤੁਸੀਂ ਅਜੇ ਵੀ ਵੋਟ ਸਾ ਸਕਦੇ ਹੋ

ਤੁਹਾਨੂੰ ਸਾਡੇ ਨਾਲ ਸੰਪਰਕ ਕਰਨ ਦੀ ਲੋੜ ਨਹੀਂ ਹੋਵੇਗੀ। ਅਸੀਂ ਪ੍ਰਬੰਧਿਤ ਆਇਸੋਲੇਸ਼ਨ ਜਾਂ ਕੁਆਰਨਟੀਨ ਸੁਵਿਧਾਵਾਂ ਵਿੱਚ ਲੋਕਾਂ ਲਈ ਵੋਟਿੰਗ ਸੇਵਾਵਾਂ ਪ੍ਰਦਾਨ ਕਰਨ ਲਈ ਸੁਵਿਧਾ ਮੈਨੇਜਰ ਨਾਲ ਕੰਮ ਕਰਾਂਗੇ।

## Give my voting papers to the person I have authorised.

**The name of the person I have authorised to collect and deliver my voting papers to me is:**

______________________________

✓ ☐ **I have been authorised to collect and deliver voting papers to the voter named on this form.**

| Signature of authorised person | Date |
|---|---|
| | |

| Signature of voter | Date |
|---|---|
| | |

**Note: this application must be signed for it to be valid**

ELECTORAL COMMISSION
TE KAITIAKI TAKE KŌWHIRI